`

NEWS 2008 Ontario Budget Growing a Stronger Ontario — Ontario — Ministry of Finance

# ਆਂਟੇਰੀਓ ਬਜਟ ਆਰਥਕਤਾ ਨੂੰ ਮਜ਼ਬੂਤ ਬਣਾਉਣ ਲਈ ਹੁਨਰਾਂ ਦੀ ਸਿਖਲਾਈ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦਾ ਹੈ

*ਚੰਗੀਆਂ ਨੌਕਰੀਆਂ ਅਤੇ ਮਜ਼ਬੂਤ ਕਮਿਊਨਿਟੀਆਂ ਵਾਸਤੇ ਸਰਕਾਰ ਮੌਕੇ ਪੈਦਾ ਕਰ ਰਹੀ ਹੈ*

**ਖ਼ਬਰਾਂ**

25 ਮਾਰਚ, 2008

ਬਜਟ ਵਿੱਚ ਸੰਤੁਲਨ ਲਿਆਉਣ ਅਤੇ ਕਾਰੋਬਾਰਾਂ ਨੂੰ ਮੁਕਾਬਲੇ ਵਿੱਚ ਬੇਹਤਰ ਬਣਾਉਣ ਦੇ ਨਾਲ ਨਾਲ 2008 ਬਜਟ ਆਂਟੇਰੀਓ ਹੁਨਰਾਂ ਲਈ ਸਿਖਲਾਈ ਅਤੇ ਬੁਨਿਆਦੀ ਢਾਂਚੇ ਵਿੱਚ ਭਾਰੀ ਨਿਵੇਸ਼ ਕਰਦਾ ਹੈ।

## ਟੂਕਾਂ

"ਬਜਟ ਇਹ ਯਕੀਨੀ ਬਣਾਉਂਦਾ ਹੈ ਕਿ ਲੋਕਾਂ ਕੋਲ ਨੌਕਰੀਆਂ ਹੋਣ ਅਤੇ ਆਂਟੇਰੀਓ ਦੀ ਆਰਥਕਤਾ ਵਧਦੀ ਹੋਵੇ" ਵਿੱਤ ਮੰਤਰੀ ਡਵਾਈਟ ਡੰਨਕਨ ਨੇ ਕਿਹਾ।

"ਇਸ ਬਜਟ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਸਾਰੇ ਆਂਟੇਰੀਓ ਵਾਸੀਆਂ ਕੋਲ ਸਫ਼ਲ ਹੋਣ ਲਈ ਮੌਕੇ ਅਤੇ ਹੁਨਰ ਉਪਲਬਧ ਹੋਣ ਤਾ ਕਿ ਉਹ ਅਜਿਹੀਆਂ ਨੌਕਰੀਆਂ ਕਰਦੇ ਹੋਣ ਜਿਹੜੀਆਂ ਆਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਦਆਂ ਹੋਣ।"

"ਇਹ ਬਜਟ ਅਜਿਹੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦਾ ਹੈ, ਜਿਵੇਂ ਕਿ ਸੜਕਾਂ ਅਤੇ ਪਬਲਿਕ ਟਰਾਂਜ਼ਿਟ, ਜੋ ਥੋੜੇ ਅਰਸੇ ਵਿੱਚ ਨੌਕਰੀਆਂ ਪੈਦਾ ਕਰਦਾ ਹੈ ਅਤੇ ਲੰਮੇ ਅਰਸੇ ਲਈ ਸਾਡੀ ਆਰਥਕਤਾ ਨੂੰ ਮਜ਼ਬੂਤ ਬਣਾਉਂਦਾ ਹੈ।"

## ਮੁੱਖ ਤੱਥ

- ਤਿੰਨ ਸਾਲਾ $1.5 ਬਿਲੀਅਨ ਦੀ ਸਕਿੱਲਜ਼ ਟੂ ਜਾਬਜ਼ ਐਕਸ਼ਨ ਪਲੈਨ (Skills to jobs Action Plan) ਆਂਟੇਰੀਓ ਵਾਸੀਆਂ ਦੀ ਵਧੇਰੇ ਗਿਣਤੀ ਨੂੰ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਅਤੇ ਨਵੀਆਂ ਨੌਕਰੀਆਂ ਲਈ ਲੰਮੇਂ ਅਰਸੇ ਲਈ ਸਿਖਲਾਈ ਦੇ ਮੌਕੇ ਪਰਦਾਨ ਕਰੇਗੀ।
    - ਤਿੰਨ ਸਾਲਾਂ ਦੌਰਾਨ $355 ਮਿਲੀਅਨ ਸੈਕੰਡ ਕੈਰੀਅਰ ਸਟ੍ਰੈਟਜੀ (Second Career Strategy) ਜੋ 20,000 ਬੇਰੁਜ਼ਗਾਰ ਵਰਕਰਾਂ ਦੀ ਨਵੇਂ ਪੇਸ਼ਿਆਂ ਵਿੱਚ ਦਾਖ਼ਲ ਹੋਣ ਵਿੱਚ ਅਤੇ ਆਰਥਕਤਾ ਦੇ ਵਧ ਰਹੇ ਖੇਤਰਾਂ ਵਿੱਚ ਚੰਗੀ ਤਨਖ਼ਾਹ ਵਾਲਅੀਆਂ ਨੌਕਰੀਆਂ ਹਾਸਲ ਕਰਨ ਵਿੱਚ ਮਦਦ ਕਰੇਗੀ।
        - ਮਿਸਾਲ ਵਜੋਂ, ਸੈਕੰਡ ਕੈਰੀਅਰ ਸਟ੍ਰੈਟਜੀ (Second Career Strategy) ਜਿਹੜੀ ਨਿਰਮਾਣ ਉਦਯੋਗ ਦੇ ਅਜਿਹੇ ਵਰਕਰ ਨੂੰ ਟਿਊਸ਼ਨ ਅਤੇ ਰਿਹਾਇਸ਼ੀ ਭੱਤੇ ਲਈ $25,000 ਮੁਹੱਈਆ ਕਰੇਗੀ ਜੋ ਹੁਨਰ ਦੀ ਟਰੇਡ ਵਾਲੀ ਨੌਕਰੀ ਲੈਣੀ ਚਾਹੁੰਦਾ ਹੋਵੇ ਅਤੇ ਕਾਲਜ ਵਿਖੇ 2 ਸਾਲਾ ਮਕੈਨਿਕਲ ਟੈਕਨੀਸ਼ੀਅਨ ਪ੍ਰੋਗਰਾਮ ਦੇ ਚਾਰ ਸਿਮੈੱਸਟਰਾਂ ਵਿੱਚ ਹਾਜ਼ਰ ਹੁੰਦਾ ਹੋਵੇ
    - ਸ਼ਗਿਰਦੀ ਦੀ ਸਿਖਲਾਈ ਲਈ ਅਗਲੇ ਤਿੰਨ ਸਾਲਾਂ ਦੌਰਾਨ $75 ਮਿਲੀਅਨ
    - ਪੋਸਟ-ਸੈਕੰਡਰੀ ਵਿਦਿਆਰਥੀ ਸਹਾਇਤਾ ਵਿੱਚ ਸੁਧਾਰ ਲਿਆਉਣਾ ਅਤੇ ਭਾਰੀ ਵਿਸਥਾਰ ਅਤੇ ਇਸ ਦੇ ਨਵੀਨਕਰਣ ਵਿੱਚ ਨਿਵੇਸ਼ ਕਰਨਾ

- 2007-08 ਵਿੱਚ ਮਿਊਨਸਿਪਲ ਬੁਨਿਆਦੀ ਢਾਂਚੇ ਲਈ $1 ਬਿਲੀਅਨ, ਜਿਸ ਵਿੱਚ ਹੇਠ ਦਰਜ ਸ਼ਾਮਲ ਹਨ:
    - ਗਰੇਟਰ ਟੋਰਾਂਟੋ ਏਰੀਏ ਅਤੇ ਹੈਮਿਲਟਨ ਵਿੱਚ ਪਬਲਿਕ ਟਰਾਂਜ਼ਿਟ ਲਈ $497 ਮਿਲੀਅਨ

    - ਟੂਰਾਂਟੋ ਤੋਂ ਬਾਹਰ ਵੱਸਦੀਆਂ ਕਮਿਊਨਿਟੀਆਂ ਲਈ ਸੜਕਾਂ ਅਤੇ ਪੁਲ਼ਾਂ ਲਈ $400 ਮਿਲੀਅਨ
    - ਸੋਸ਼ਲ ਹਾਊਜ਼ਿੰਗ ਯੂਨਿਟਾਂ ਨੂੰ ਮੁੜ-ਰਹਿਣਯੋਗ ਬਣਾਉਣ, ਜਿਸ ਵਿੱਚ ਊਰਜਾ ਦੀ ਕੁਸ਼ਲ ਵਰਤੋਂ ਲਈ ਸੁਧਾਰ ਸ਼ਾਮਲ ਹੈ, ਵਾਸਤੇ $100 ਮਿਲੀਅਨ

- ਕਾਰੋਬਾਰਾਂ ਵਾਸਤੇ ਟੈਕਸ ਵਿੱਚ ਤਜਵੀਜ਼ਸ਼ੁਦਾ ਰਿਆਇਤ ਲਈ ਚਾਰ ਸਾਲਾਂ ਦੌਰਾਨ $750 ਮਿਲੀਅਨ ਜਿੰਨ੍ਹਾਂ ਵਿੱਚ ਹੇਠ ਦਰਜ ਸ਼ਾਮਲ ਹਨ:
    - ਨਿਰਮਾਣ ਅਤੇ ਸਾਧਨਾਂ ਵਾਲੀਆਂ ਕੰਪਨੀਆਂ ਲਈ ਵਾਪਸ ਜਾ ਕੇ 1 ਜਨਵਰੀ, 2007 ਤੋਂ ਲੈ ਕੇ ਕੈਪੀਟਲ ਟੈਕਸ (Capital Tax) ਨੂੰ ਖ਼ਤਮ ਕਰਨਾ ਜਿਸ ਨਾਲ ਉਹ $190 ਮਿਲੀਅਨ ਦੀਆਂ ਛੋਟਾਂ ਲੈਣ ਦੇ ਹੱਕਦਾਰ ਹੋ ਜਾਣਗੇ।
    - ਅਜਿਹੀਆਂ ਨਵੀਆਂ ਕਾਰਪੋਰੇਸ਼ਨਾਂ, ਜੋ ਯੋਗ ਕੈਨੇਡੀਅਨ ਯੂਨੀਵਰਸਿਟੀਆਂ, ਕਾਲਜਾਂ ਜਾਂ ਖੋਜ ਸੰਸਥਾਵਾਂ ਵੱਲੋਂ ਉੱਤਮ ਦਰਜੇ ਦੀਆਂ ਸੰਪੱਤੀਆਂ ਦੇ ਵਿਕਾਸ ਦਾ ਵਿਪਾਰੀਕਰਨ ਕਰਦੀਆਂ ਹੋਣ, ਉਨ੍ਹਾਂ ਨੂੰ 10 ਸਾਲ ਲਈ ਆਂਟੇਰੀਓ ਇੰਕਮ ਟੈਕਸ ਤੋਂ ਛੋਟ
    - ਨਿਰਮਾਣ ਅਤੇ ਪ੍ਰਾਸੈਸਿੰਗ ਮਸ਼ੀਨਰੀ ਅਤੇ ਸਾਜ਼ੋ-ਸਮਾਨ ਲਈ 2012 ਤੋਂ ਪਹਿਲਾਂ ਕੀਤੇ ਨਿਵੇਸ਼ਾਂ ਉੱਤੇ ਐਕਸੈਲਰੇਟਡ ਕੈਪੀਟਲ ਕਾਸਟ ਅਲਾਊਂਸ ਰੇਟ (accelerated Capital Cost Allowance Rate) ਨੂੰ ਵਧਾਅ ਕੇ ਅੱਗੇ ਕਰਨਾ
    - ਉੱਤਰੀ (ਆਂਟੇਰੀਓ) ਵਿੱਚ ਕਾਰੋਬਾਰ ਕਰਨ ਵਾਲਿਆਂ ਲਈ ਐਕਸੈਲਰੇਟਡ ਬਿਜ਼ਨਸ ਐਜੂਕੇਸ਼ਨ ਟੈਕਸ (BET) ਦੇ ਦਰਾਂ ਵਿੱਚ ਕਟੌਤੀ ਜਿਸ ਦੇ ਨਤੀਜੇ ਵਜੋਂ ਅਗਲੇ ਤਿੰਨ ਸਾਲਾਂ ਦੌਰਾਨ $70 ਮਿਲੀਅਨ ਤੋਂ ਵੱਧ ਦੀ ਬੱਚਤ।

- ਬਜਟ ਸਿਨੀਅਰ ਮਾਲਕ ਮਕਾਨਾਂ ਦੇ ਪਰਾਪਰਟੀ ਟੈਕਸ ਲਈ ਗਰਾਂਟ ਦੀ ਤਜਵੀਜ਼ ਕਰਦਾ ਹੈ ਜੋ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਸਿਨੀਅਰ ਵਿਅਕਤੀਆਂ ਲਈ ਅਗਲੇ ਪੰਜ ਸਾਲਾਂ ਦੌਰਾਨ $1 ਬਿਲੀਅਨ ਮੁਹੱਈਆ ਕਰੇਗੀ।

- ਗ਼ਰੀਬੀ ਸੰਬੰਧੀ ਨੀਤੀ ਪ੍ਰਤੀ ਮੈਗੁਇੰਟੀ ਸਰਕਾਰ ਦੀ ਅਗੇਤਰੀ ਕਾਰਵਾਈ
    - ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਦੰਦਾਂ ਦੀ ਬੇਹਤਰ ਸੰਭਾਲ ਵਾਸਤੇ ਤਿੰਨ ਸਾਲਾਂ ਦੌਰਾਨ $135 ਮਿਲੀਅਨ
    - ਵਿਦਿਆਰਥੀਆਂ ਦੇ ਪੁਸ਼ਟ ਭੋਜਨ ਪ੍ਰੋਗਰਾਮ ਲਈ ਫ਼ੰਡ ਦੁਗਣੇ ਕਰਨ ਵਾਸਤੇ ਤਿੰਨ ਸਾਲਾਂ ਦੌਰਾਨ $32 ਮਿਲੀਅਨ
    - 2008-09 ਵਿੱਚ ਸੋਸ਼ਲ ਐਸਿਸਟੈਂਸ ਦੇ ਲਾਭਾਂ ਵਿੱਚ ਦੋ ਪ੍ਰਤੀਸ਼ਤ ਵਾਧਾ

- 2008-09 ਦੌਰਾਨ ਸੇਹਤ ਦੇ ਖੇਤਰ ਵਿੱਚ $40.4 ਬਿਲੀਅਨ ਖ਼ਰਚ ਕਰਨਾ, ਜੋ ਛੇ ਪ੍ਰਤੀਸ਼ਤ ਵਾਧਾ ਹੈ, ਇਸ ਵਿੱਚ ਹੇਠ ਦਰਜ ਸ਼ਾਮਲ ਹਨ:
    - 2011-12 ਤੀਕ ਹੋਰ ਨਿਵੇਸ਼ਾਂ ਤੋਂ ਇਲਾਵਾ 9,000 ਨਰਸਾਂ ਭਰਤੀ ਕਰਨ ਲਈ ਤਿੰਨ ਸਾਲਾਂ ਦੌਰਾਨ $500 ਮਿਲੀਅਨ ਤੋਂ ਵੱਧ
    - ਹਸਪਤਾਲਾਂ ਵਿੱਚ ਐਮਰਜੰਸੀ ਵਿਭਾਗ ਵਿੱਚ ਉਡੀਕ ਦੇ ਸਮੇਂ ਨੂੰ ਘਟਾਉਣ ਅਤੇ ਮਰੀਜ਼ਾਂ ਦੀ ਤਸੱਲੀ ਵਧਾਉਣ ਲਈ ਤਿੰਨ ਸਾਲਾਂ ਦੌਰਾਨ $180 ਮਿਲੀਅਨ
    - ਫ਼ੈਮਲੀ ਹੈਲਥ ਟੀਮਾਂ ਵਿੱਚ ਵਾਧਾ ਕਰਨ ਲਈ ਤਿੰਨ ਸਾਲਾਂ ਦੌਰਾਨ $53 ਮਿਲੀਅਨ
    - ਨਰਸ ਪਰੈਕਟੀਸ਼ਨਰਾਂ ਦੀ ਅਗਵਾਈ ਵਾਲੇ ਕਲਿਨਕਾਂ ਵਿੱਚ ਵਾਧਾ ਕਰਨ ਲਈ ਤਿੰਨ ਸਾਲਾਂ ਦੌਰਾਨ $38 ਮਿਲੀਅਨ
    - ਦਾਈਆਂ ਅਤੇ ਨਰਸ ਪਰੈਕਟੀਸ਼ਨਰਾਂ ਦੇ ਦਾਖ਼ਲੇ ਲਈ ਵੱਧ ਥਾਵਾਂ

- 2008-09 ਸਕੂਲੀ ਸਾਲ ਵਿੱਚ ਵਿਦਿਆਰਥੀਆਂ ਦੀਆਂ ਲੋੜਾਂ ਲਈ ਗਰਾਂਟਾਂ ਰਾਹੀਂ ਸਾਖਰਤਾ ਅਤੇ ਗਣਿਤ ਹੁਨਰ ਨੂੰ ਬੇਹਤਰ ਬਣਾਉਣ, ਪਾਸ ਹੋਣ ਵਾਲਿਆਂ ਦੀ ਦਰ ਵਧਾਉਣ ਅਤੇ ਜਮਾਤ ਦਾ ਆਕਾਰ ਘਟਾਉਣ ਲਈ ਖ਼ਰਚੇ ਵਿੱਚ $18.8 ਬਿਲੀਅਨ ਦਾ ਵਾਧਾ

- ਮੈਗੁਇੰਟੀ ਸਰਕਾਰ ਵਿਦਿਅਕ ਖ਼ਰਚਿਆਂ ਸੰਬੰਧੀ ਪੋਸਟ-ਸੈਕੰਡਰੀ ਵਿਦਿਆਰਥੀਆਂ ਦੀ ਮਦਦ ਕਰ ਰਹੀ ਹੈ। ਤਜਵੀਜ਼ ਕੀਤੇ ਗਏ ਉਪਾਵਾਂ ਵਿੱਚ ਇਹ ਸ਼ਾਮਲ ਹਨ:
    - ਸਾਲਾਨਾ ਟੈਕਸਟ ਬੁਕਾਂ ਅਤੇ ਤਕਨੌਲੋਜੀ ਗਰਾਂਟ ਜੋ ਯੂਨੀਵਰਸਿਟੀ ਅਤੇ ਕਾਲਜ ਦੇ ਹਰੇਕ ਕੁਲ-ਵਕਤੀ ਵਿਦਿਆਰਥੀ ਦੀ ਮਦਦ ਕਰਨਗੀ, ਵਾਸਤੇ ਤਿੰਨ ਸਾਲਾਂ ਦੌਰਾਨ $385 ਮਿਲੀਅਨ

- ਦਿਹਾਤੀ ਅਤੇ ਦੂਰ ਦੁਰਾਡੇ ਇਲਾਕਿਆਂ ਵਿਚ ਰਹਿੰਦੇ ਵਿਦਿਆਰਥੀਆਂ ਦੀ ਕਾਲਜ ਜਾਂ ਯੂਨੀਵਰਸਿਟੀ ਜਾਣ ਦੇ ਸਫ਼ਰ ਦੇ ਖ਼ਰਚਿਆਂ ਵਿੱਚ ਮਦਦ ਕਰਨ ਲਈ ਡਿਸਟੈਂਸ ਗਰਾਂਟ (Distance Grant) ਵਾਸਤੇ ਤਿੰਨ ਸਾਲਾਂ ਦੌਰਾਨ $27 ਮਿਲੀਅਨ

- ਮੈਗੁਇੰਟੀ ਸਰਕਾਰ ਨਵੇਂ ਸਿਰਿਉਂ ਵਰਤੀ ਜਾ ਸਕਣ ਵਾਲੀ ਊਰਜਾ ਅਤੇ ਊਰਜਾ ਦੀ ਵਰਤੋਂ ਵਿੱਚ ਬੱਚਤ ਰਾਹੀਂ, ਪਬਲਿਕ ਟਰਾਂਜ਼ਿਟ ਅਤੇ ਤਜਵੀਜ਼ਸ਼ੁਦਾ ਏਨਰਜੀ ਸਟਾਰ (ENERGY STAR®) ਅਨੁਸਾਰ ਘਰੇਲੂ ਉਪਕਰਨਾਂ ਅਤੇ ਰੌਸ਼ਨੀ ਲਈ ਬਲਬਾਂ ਉੱਤੇ ਰਿਟੇਲ ਸੇਲਜ਼ ਟੈਕਸ ਦੀ ਛੋਟ ਦੇ ਸਮੇਂ ਨੂੰ 13 ਮਹੀਨੇ ਲਈ ਹੋਰ ਵਧਾਅ ਕੇ, ਮੌਸਮਾਂ ਦੀ ਬਦਲੀ ਵਿਰੁਧ ਸੰਘਰਸ਼ ਕਰ ਰਹੀ ਹੈ

- ਇਸ ਬਜਟ ਵਿੱਚ ਕੋਈ ਨਵੇਂ ਟੈਕਸ ਨਹੀਂ ਹਨ। ਮੈਗੁਇੰਟੀ ਸਰਕਾਰ 2005-06 ਅਤੇ 2010-11 ਵਿਚਕਾਰ ਬਆਦ ਦੇ ਛੇ ਸਿਲਸਲਾਵਾਰ ਸੰਤੁਲਤ ਬਜਟ ਅਤੇ ਤਿੰਨ ਸਿਲਸਲਾਵਾਰ ਸਰਪਲੱਸ ਪ੍ਰਾਪਤ ਕਰਨ ਲਈ ਆਪਣੇ ਰਸਤੇ ਠੀਕ ਚੱਲ ਰਹੀ ਹੈ।

## ਹੋਰ ਜਾਣਕਾਰੀ ਹਾਸਲ ਕਰੋ

ਬਜਟ ਭਾਸ਼ਣ ਦਿੰਦਿਆਂ ਹੋਇਆਂ ਮੰਤਰੀ ਡਨਕਨ ਦੀ ਕਲਿੱਪ ਵੇਖੋ ਜਾਂ ਸਾਰੇ ਦੇ ਸਾਰੇ ਬਜਟ ਨੂੰ ਪੜ੍ਹੋ।

ਬਜਟ ਸੰਬੰਧੀ ਅਰੰਭਕ ਕਾਰਵਾਈਆਂ ਦੇ ਪਿਛੋਕੜ ਸੰਬੰਧੀ ਜਾਣਕਾਰੀ ਪੜ੍ਹੋ

- ਹੁਨਰਾਂ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ
- ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ
- ਕਾਰੋਬਾਰ ਅਤੇ ਉਦਯੋਗ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ
- ਸੇਹਤ ਸੰਭਾਲ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੇ ਭਵਿੱਖ ਨੂੰ ਮਜ਼ਬੂਤ ਕਰਨਾ
- ਵਿਦਿਆ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ
- ਉੱਤਰੀ ਅਤੇ ਦਿਹਾਤੀ ਔਂਟੇਰੀਓ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ
- ਪਰਿਵਾਰਾਂ ਅਤੇ ਜੀਵਨ ਪੱਧਰ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੇ ਭਵਿੱਖ ਨੂੰ ਮਜ਼ਬੂਤ ਕਰਨਾ
- ਖ਼ੁਸ਼ਹਾਲ ਭਵਿੱਖ ਵਿੱਚ ਨਿਵੇਸ਼ ਕਰ ਕੇ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨਾ

ਬਜਟ ਦੇ ਟੈਕਨੀਕਲ ਕਾਗ਼ਜਾਂ ਨੂੰ ਡਾਊਨਲੋਡ ਕਰੋ

ਬਜਟ ਦੇ ਮੁੱਖ ਨੁਕਤਿਆਂ ਨੂੰ ਪੜ੍ਹਣ ਲਈ 16 ਭਾਸ਼ਾਵਾਂ ਵਿੱਚੋਂ ਇੱਕ ਚੁਣੋ

-30-

ਪੁੱਛ-ਗਿੱਛ ਮੀਡੀਆ
Steve Erwin, Minister's Office, 416 325-3645
Scott Blodgett, Ministry of Finance, 416 325-0324
ਪੁੱਛ-ਗਿੱਛ ਪਬਲਿਕ
1-800-337-7222

**ontario.ca/finance-news**

**ਵਿੱਤ ਮੰਤਰਾਲੇ ਦੀਆਂ ਖ਼ਬਰਾਂ** ਜਾਂ **ਈਮੇਲ ਚੇਤਾਵਨੀ** ਨੂੰ ਆਪਣਾ ਨਾਂ ਭੇਜ ਕੇ ਤਾਜ਼ਾਤਰੀਨ ਖ਼ਬਰਾਂ ਦਾ ਹੁਣ ਤਕ ਦਾ ਖ਼ੁਲਾਸਾ ਹਾਸਲ ਹਰੋ

Punjabi